16

# ਡਾਕਟ੍ਰਿਨ ਸਬੰਧੀ ਮੁੱਦਿਆਂ ਦਾ ਸਾਹਮਣਾ ਕਰਨਾ

ਕਲੀਸੀਆ ਦੇ ਆਗੂਆਂ ਅੱਗੇ ਕਲੀਸੀਆ ਦੇ ਅੰਦਰ ਪਾਈ ਜਾਣ ਵਾਲੀ ਡਾਕਟ੍ਰਿਨ (ਸਿੱਖਿਆ) ਸਬੰਧੀ ਅਸਹਿਮਤੀ ਨਾਲੋਂ ਵੱਡੀ ਚੁਣੌਤੀ ਕੋਈ ਹੋਰ ਨਹੀਂ ਹੈ। ਡਾਕਟ੍ਰਿਨ ਸਬੰਧੀ ਮਤਭੇਦਾਂ ਦੇ ਕਾਰਣ ਭਾਈਚਾਰੇ ਵਿਚ ਫੁੱਟ, ਕਲੀਸੀਆਵਾਂ ਵਿਚ ਫੁੱਟ, ਘਰਾਂ ਵਿਚ ਫੁੱਟ, ਦੁਖੀ ਮਨ, ਸਮਾਜ ਵੱਲੋਂ ਇੰਜੀਲ ਨੂੰ ਨਾ ਮੰਨਣਾ ਅਤੇ ਰੂਹਾਂ ਦਾ ਗੁਆਚਣਾ ਹੁੰਦਾ ਹੈ। ਸਥਾਨਕ ਕਲੀਸੀਆ ਵਿਚ ਡਾਕਟ੍ਰਿਨ ਸਬੰਧੀ ਅਜਿਹੇ ਸਵਾਲ ਖੜੇ ਹੋਣ ਤੇ ਕੀ ਕੀਤਾ ਜਾਣਾ ਚਾਹੀਦਾ ਹੈ।

ਡਾਕਟ੍ਰਿਨ ਸਬੰਧੀ ਝਗੜਿਆਂ ਨੂੰ ਹੱਲ ਕਰਨ ਲਈ ਐਲਡਰਾਂ ਨੂੰ ਇਵੇਂ ਕੰਮ ਕਰਨਾ ਜ਼ਰੂਰੀ ਹੈ ਕਿ ਲੱਗ ਸਕਦਾ ਹੈ ਕਿ ਸਾਡੀ ਗੱਲ ਪਹਿਲਾਂ ਕਹੀ ਗੱਲ ਨਾਲ ਮੇਲ ਨਹੀਂ ਖਾਂਦੀ। ਅਸੀਂ ਜ਼ੋਰ ਦਿੱਤਾ ਹੈ ਕਿ ਐਲਡਰਾਂ ਨੂੰ ਆਜੜੀਆਂ ਵਾਂਗ ਨਮੂਨਾ ਦੇ ਕੇ; ਪ੍ਰੇਰਣਾ ਦੇ ਕੇ ਅਤੇ ਸਮਝਾ ਕੇ ਆਪਣੇ ਅਧੀਨ ਲੋਕਾਂ ਦੀ ਅਗਵਾਈ ਹਲੀਮੀ ਨਾਲ ਕਰਨੀ ਚਾਹੀਦੀ ਹੈ। ਆਮ ਤੌਰ ਤੇ ਐਲਡਰ ਕਲੀਸੀਆ ਦੇ ਮੈਂਬਰਾਂ ਦੀ ਅਗਵਾਈ ਸਮਝਦਾਰੀ ਨਾਲ, ਸਭ ਦੀ ਸਲਾਹ ਨਾਲ ਚੰਗੇ ਤੋਂ ਚੰਗੇ ਫੈਸਲੇ ਲੈਣ ਵਿਚ ਮਦਦ ਕਰਦੇ ਹਨ। ਪਰ ਅਜਿਹਾ ਸਮਾਂ ਵੀ ਆਉਂਦਾ ਹੈ ਜਦ ਮੰਡਲੀ ਦੇ ਮੈਂਬਰਾਂ ਨੂੰ ਕਲੀਸੀਆ ਦੇ ਵਿਸ਼ਵਾਸ ਦੀ ਸਭ ਦੀ ਸਲਾਹ ਨੂੰ ਦੇਖ ਕੇ ਨਹੀਂ ਸਗੋਂ ਅਧਿਕਾਰ ਨਾਲ ਫੈਸਲਾ ਲੈਣਾ ਹੁੰਦਾ ਹੈ! ਅਜਿਹਾ ਵਕਤ ਉਦੋਂ ਆਉਂਦਾ ਹੈ ਜਦ ਕਲੀਸੀਆ ਵਿਚ ਕੋਈ ਸੱਚਾਈ ਤੋਂ ਦੂਰ ਹੋ ਕੇ ਅਜਿਹੀ ਸਿੱਖਿਆ ਦੇਣ ਅਤੇ ਮੰਨਣ ਲਗਦਾ ਹੈ ਜਿਸ ਨਾਲ ਲੋਕ ਸਚਾਈ ਤੋਂ ਦੂਰ ਹੋਣ!

ਇਸ ਹਾਲਾਤ ਵਿਚ ਆਜੜੀ ਵਾਲੀ ਗੱਲ ਫੇਰ ਲਾਗੂ ਹੁੰਦੀ ਹੈ। ਤਦ ਉਹ ਆਜੜੀ ਜੋ ਭੇਡਾਂ ਨਾਲ ਹਲੀਮੀ ਨਾਲ ਵਰਤਾਉ ਕਰਦਾ ਸੀ, ਬਾਈਬਲ ਦੀਆਂ ਹੱਦਾਂ ਵਿਚ ਰਹਿੰਦਿਆਂ ਹੋਇਆਂ ''ਪਾੜਣ ਵਾਲੇ ਬਘਿਆੜਾਂ'' ਨੂੰ ਜੋ ਪਰਮੇਸ਼ੁਰ ਦੇ ਇੱਜੜ ਨੂੰ ਉਜਾੜ ਰਹੇ ਹਨ, ਹਰਾਉਣ ਲਈ ਜ਼ਰੂਰੀ ਫ਼ੈਸਲਾ ਲੈਂਦਾ ਹੈ (ਰਸੂਲਾਂ ਦੇ ਕੰਮ 20:29, 30)। ਉਹ ਆਜੜੀ ਜੋ ਗੁਆਚੀਆਂ ਹੋਈਆਂ ਭੇਡਾਂ ਨੂੰ ਆਪਣੇ ਮੋਢਿਆਂ ਉੱਤੇ ਚੁੱਕ ਕੇ ਘਰ ਲਿਆਉਂਦਾ ਹੈ (ਲੂਕਾ 15:4-6) ਦਾਊਦ ਵਾਂਗੂੰ ਬਣ ਜਾਂਦਾ ਹੈ, ਜਿਸ ਨੇ ਇੱਜੜ ਦਾ ਸ਼ਿਕਾਰ ਕਰਨ ਵਾਲੇ ''ਸ਼ੇਰਾਂ'' ਅਤੇ ''ਬਘਿਆੜਾਂ'' ਦਾ ਨਾਸ ਕਰਨ ਲਈ ਹੱਥਿਆਰ ਚੁੱਕ ਲਿਆ ਸੀ (1 ਸਮੂਏਲ 17:34-36)। ਜਾਨਵਰਾਂ ਨੂੰ ਮਾਰਨ ਵਾਲਿਆਂ ਤੋਂ ਇੱਜੜ ਦੀ ਰਾਖੀ ਕਰਨਾ ਭੇਡਾਂ ਨੂੰ ਚਾਰਣ, ਉਨ੍ਹਾਂ ਦੀ ਅਗਵਾਈ ਕਰਨ, ਉਨ੍ਹਾਂ ਨੂੰ ਭਾਲਣ ਅਤੇ ਉਨ੍ਹਾਂ ਨੂੰ ਤਸੱਲੀ ਦੇਣ ਵਾਂਗ ਹੀ ਆਜੜੀ ਦਾ ਕੰਮ ਹੈ।

ਜ਼ਰੂਰੀ ਨਹੀਂ ਕਿ ਡਾਕਟ੍ਰਿਨ ਸਬੰਧੀ ਹਰ ਅਸਹਿਮਤੀ ਲਈ ਸਖ਼ਤ ਫੈਸਲੇ ਲਏ ਜਾਣ।

ਇਹ ਦੁੱਖ ਦੀ ਗੱਲ ਹੈ ਪਰ ਹੈ ਹਕੀਕਤ। ਡਾਕਟ੍ਰਿਨ ਦੇ ਮਤਭੇਦਾਂ ਦੇ ਕਾਰਣ ਹੀ ਕਲੀਸੀਆਵਾਂ ਵਿਚ ਫੁੱਟ ਪਈ ਹੈ ਜਦ ਕਿ ਇਵੇਂ ਹੋਣਾ ਨਹੀਂ ਚਾਹੀਦਾ ਸੀ। ਇਸ ਕਾਰਣ ਕਲੀਸੀਆ ਦੇ ਆਗੂਆਂ ਨੂੰ ਡਾਕਟ੍ਰਿਨ ਸਬੰਧੀ ਮੁੱਦਿਆਂ ਦਾ ਸਾਹਮਣਾ ਕਰਦਿਆਂ ਸਮਝਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਦੀ ਜ਼ਿੰਮੇਵਾਰੀ ਦੀ ਖਾਸੀਅਤ (1) ਕਲੀਸੀਆ ਦੀ ਅਗਵਾਈ ਇੰਜ ਕਰਨੀ ਹੈ ਕਿ ਡਾਕਟ੍ਰਿਨ ਸਬੰਧੀ ਅਸਹਿਮਤੀ ਪੈਦਾ ਹੀ ਨਾ ਹੋਵੇ, ਅਤੇ (2) ਅਜਿਹੀ ਮੁਸ਼ਕਿਲ ਆਉਣ ਤੇ ਉਸ ਦਾ ਹੱਲ ਸਹੀ ਢੰਗ ਨਾਲ ਕਰਨਾ। ਉਨ੍ਹਾਂ ਦਾ ਕੰਮ ਡਾਕਟ੍ਰਿਨ ਸਬੰਧੀ ਮੁਸ਼ਕਿਲਾਂ ਪੈਦਾ ਹੋਣ ਤੋਂ ਰੋਕਣਾ ਅਤੇ ਉਸ ਦਾ ਹੱਲ ਕਰਨਾ ਹੈ।

## ਡਾਕਟ੍ਰਿਨ ਸਬੰਧੀ ਮੁਸ਼ਕਿਲਾਂ ਨੂੰ ਰੋਕਣਾ

ਡਾਕਟ੍ਰਿਨ ਸਬੰਧੀ ਮੁਸ਼ਕਿਲਾਂ ਦੇ ਸਬੰਧ ਵਿਚ ''ਪਰਹੇਜ਼ ਸਭ ਤੋਂ ਵਧੀਆ ਇਲਾਜ ਹੈ।'' ਡਾਕਟ੍ਰਿਨ ਸਬੰਧੀ ਮੁਸ਼ਕਿਲਾਂ ਨੂੰ ਰੋਕਣ ਲਈ ਮੰਡਲੀ ਦੇ ਆਗੂਆਂ ਨੂੰ ਪੰਜ ਕਦਮ ਚੁੱਕਣੇ ਜ਼ਰੂਰੀ ਹਨ:

### ਸੁਧਾਰ ਤੇ ਜ਼ੋਰ ਦੇ ਕੇ

ਸਭ ਤੋਂ ਪਹਿਲਾਂ, ਕਲੀਸੀਆ ਦੇ ਆਗੂਆਂ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਕਲੀਸੀਆ ਉਨ੍ਹਾਂ ਸਿਧਾਂਤਾਂ ਤੇ ਹੀ ਜੋਰ ਦਿੰਦੀ ਹੈ ਜੋ ਮੈਂਬਰਾਂ ਨੂੰ ਮਜ਼ਬੂਤ ਅਤੇ ਮੇਲ ਨੂੰ ਉਤਸ਼ਾਹਿਤ ਕਰਦੇ ਹੋਣ (ਰੋਮੀਆਂ 14:17, 19)। ਪਿਆਰ ਕਰਨ, ਮਦਦ ਕਰਨ, ਸਿਖਾਉਣ ਅਤੇ ਰੂਹਾਂ ਬਚਾਉਣ ਦੇ ਕੰਮ ਵਿਚ ਰੁੱਝੇ ਰਹਿਣ ਵਾਲੀ ਕਲੀਸੀਆ ਦੀਆਂ ਫ਼ਜ਼ੂਲ ਗੱਲਾਂ ਲਈ, ਜਾਂ ਉਨ੍ਹਾਂ ਵਿਚ ਦਿਲਚਸਪੀ ਲਈ ਵਕਤ ਨਹੀਂ ਹੋਵੇਗਾ।

ਹਰ ਮੰਡਲੀ ਦਾ ਆਪਣਾ ਵੱਖਰਾ ਵਿਚਾਰ ਹੋਣ ਦੇ ਬਾਜਵੂਦ ਲਗਭਗ ਹਰ ਮੰਡਲੀ ਦੇ ਜ਼ਿਆਦਾਤਰ ਲੋਕ ਸਿਖਾਈਆਂ ਗਈਆਂ 95 ਫ਼ੀਸਦੀ ਗੱਲਾਂ ਤੇ ਸਹਿਮਤ ਹੋਣਗੇ। ਇਸ ਦੇ ਇਲਾਵਾ ਉਨ੍ਹਾਂ ਵਿੱਚੋਂ ਜ਼ਿਆਦਾਤਰ ਵਿਚਾਰ ਦੀ ਕਿਸੇ ਮੁਸ਼ਕਿਲ ਦੇ ਬਿਨਾ ਕਲੀਸੀਆ ਦੀਆਂ ਜ਼ਿਆਦਾਤਰ ਗਤੀਵਿਧੀਆਂ ਵਿਚ ਭਾਗ ਲੈ ਸਕਦੇ ਹਨ। ਫਿਰ ਸਵਾਲ ਜ਼ੋਰ ਦੇਣ ਦੀ ਗੱਲ ਤੇ ਆਉਂਦਾ ਹੈ ਕਿ ਉਨ੍ਹਾਂ ਕੁਝ ਗੱਲਾਂ ਤੇ ਜੋਰ ਦਿੱਤਾ ਜਾਵੇ ਜਿਨ੍ਹਾਂ ਬਾਰੇ ਅਸੀਂ ਸਹਿਮਤ ਹਾਂ ਜਾਂ ਉਨ੍ਹਾਂ ਬਹੁਤ ਸਾਰੀਆਂ ਗੱਲਾਂ ਤੇ ਜਿਨ੍ਹਾਂ ਤੇ ਅਸੀਂ ਇਕ ਹਾਂ।

### ਸੱਚਾਈ ਪ੍ਰਤੀ ਸਮਰਪਿਤ ਹੋਣਾ

ਕਲੀਸੀਆ ਦੇ ਆਗੂਆਂ ਲਈ ਪਰਮੇਸ਼ੁਰ ਦੇ ਵਚਨ ਦੀ ਸੱਚਾਈ ਦੇ ਪ੍ਰਤੀ ਸਮਰਪਿਤ ਹੋਣਾ ਜ਼ਰੂਰੀ ਹੈ। ''*ਖਰੀ ਸਿੱਖਿਆ*'' (ਸਾਊਂਡ ਡਾਕਟ੍ਰਿਨ) ਜ਼ਰੂਰੀ ਹੈ। ਯਿਸੂ ਨੇ ਆਖਿਆ, ''ਝੂਠੇ ਨਬੀਆਂ ਤੋਂ ਹੁਸ਼ਿਆਰ ਰਹੋ'' (ਮੱਤੀ 7:15) ਅਤੇ ''ਸਚਿਆਈ ਤੁਹਾਨੂੰ ਅਜ਼ਾਦ ਕਰੇਗੀ'' (ਯੂਹੰਨਾ 8:32)। ਪੌਲੁਸ ਨੇ ''ਪਰਮੇਸ਼ੁਰ ਦੀ ਸਾਰੀ ਮੱਤ'' ਦਾ ਪ੍ਰਚਾਰ ਕੀਤਾ (ਰਸੂਲਾਂ ਦੇ ਕੰਮ 20:27)। ਗਲਾਤੀਆਂ 1:6-9 ਵਿਚ ਪੌਲੁਸ ਨੇ ਇਹ ਸਾਫ਼ ਕੀਤਾ ਕਿ ਪਰਮੇਸ਼ੁਰ ਦੀ ਖੁਸ਼ਖਬਰੀ ਸਿਰਫ਼ ਇਕ ਹੈ; ਉਸ ਦੇ ਇਲਾਵਾ ਕੋਈ ਹੋਰ ਸਿੱਖਿਆ ਉਸ ਖੁਸ਼ਖਬਰੀ ਦਾ ਵਿਗਾੜ ਹੈ ਅਤੇ ਉਹ ਸਿੱਖਿਆ ਦੇਣ ਵਾਲੇ ਲੋਕ ਸਜ਼ਾ ਦੇ ਹੱਕਦਾਰ ਹਨ। ਯਹੂਦਾ ਨੇ ''ਓਸ ਨਿਹਚਾ'' ਬਾਰੇ ਦੱਸਿਆ ''ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ

ਸੀ'' (ਯਹੂਦਾਹ 3)। ਤਿਮੋਥਿਉਸ ਅਤੇ ਤੀਤੁਸ ਦੇ ਨਾਂਅ ਪੱਤਰੀਆਂ ਵਿਚ ਵਚਨ ਦਾ ਪ੍ਰਚਾਰ ਕਰਨ, ਖਰੀ ਸਿੱਖਿਆ ਨੂੰ ਫੜ੍ਹੇ ਰੱਖਣ ਅਤੇ ਝੂਠੀ ਸਿੱਖਿਆ ਦੇਣ ਵਾਲਿਆਂ ਤੋਂ ਦੂਰ ਰਹਿਣ ਅਤੇ ਉਨ੍ਹਾਂ ਦਾ ਸਾਹਮਣਾ ਕਰਨ ਲਈ ਹੁਕਮ ਬਹੁਤ ਜ਼ਿਆਦਾ ਹਨ (1 ਤਿਮੋਥਿਉਸ 1:3-7; 4:1-6; 6:3-5; 2 ਤਿਮੋਥਿਉਸ 4:1-5; ਤੀਤੁਸ 1:12-16; 2:1)। 2 ਪਤਰਸ 2:1-3, 1 ਯੂਹੰਨਾ 4:1-3 ਅਤੇ 2 ਯੂਹੰਨਾ 7-11 ਵਿਚ ਝੂਠੀ ਸਿੱਖਿਆ ਦੇਣ ਵਾਲਿਆਂ ਦੇ ਖ਼ਿਲਾਫ਼ ਚਿਤਾਵਨੀਆਂ ਦਿੱਤੀਆਂ ਗਈਆਂ ਹਨ।

ਕੋਈ ਵੀ ਜੋ ਇਹ ਆਖਦਾ ਹੈ ਕਿ ਸਿੱਖਿਆ ਫ਼ਰਕ ਹੋਣ ਨਾਲ ਕੋਈ ਫ਼ਰਕ ਨਹੀਂ ਪਵੇਗਾ, ਉਸ ਨੇ ਨਵਾਂ ਨੇਮ ਪੜ੍ਹਿਆ ਹੀ ਨਹੀਂ ਜਾਂ ਉਸ ਤੇ ਵਿਸ਼ਵਾਸ ਨਹੀਂ ਕਰਦਾ। ਕਿਉਂਕਿ ਖਰੀ ਸਿੱਖਿਆ ਜ਼ਰੂਰੀ ਹੈ, ਇਸ ਲਈ ਕਲੀਸੀਆ ਦੇ ਆਗੂਆਂ ਲਈ ਇਹ ਮਜ਼ਬੂਤ ਇਰਾਦਾ ਕਰਨਾ ਜ਼ਰੂਰੀ ਹੈ ਕਿ ਉਹ ਸੱਚਾਈ ਨੂੰ ਫੜ੍ਹੀ ਰੱਖਣ। ਤੀਤੁਸ 1:9 ਵਿਚ ਪੌਲੁਸ ਨੇ ਕਿਹਾ ਕਿ ''ਨਿਹਚਾ ਜੋਗ ਵਚਨ ਨੂੰ ਜਿਹੜਾ ਇਸ ਸਿੱਖਿਆ ਦੇ ਅਨੁਸਾਰ ਹੈ ਫੜ੍ਹੀ ਰੱਖੇ ਭਈ ਖਰੀ ਸਿੱਖਿਆ ਨਾਲ ਉਪਦੇਸ਼ ਕਰੋ ਨਾਲੇ ਢੁੱਚਰ ਡਾਹੁਣ ਵਾਲਿਆਂ ਨੂੰ ਕਾਇਲ ਕਰ ਸਕੇ।''

ਕਲੀਸੀਆ ਨੂੰ ਝੂਠੇ ਗੁਰੂਆਂ ਅਤੇ ਝੂਠੀ ਸਿੱਖਿਆ ਤੋਂ ਬਚਾਉਣਾ ਕਲੀਸੀਆ ਦੇ ਆਗੂਆਂ ਦਾ ਮੁੱਖ ਕੰਮ ਹੁੰਦਾ ਹੈ (ਵੇਖੋ ਰਸੂਲਾਂ ਦੇ ਕੰਮ 20:28-31)। ਤੀਤੁਸ 1:9-11 ਮੁਤਾਬਕ ਇਸ ਕੰਮ ਨੂੰ ਕਰਨ ਲਈ ਐਲਡਰਾਂ ਨੂੰ ਘੱਟੋ-ਘੱਟ ਤਿੰਨ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਹਨ: (1) *ਸੱਚਾਈ ਦਾ ਐਨਾ ਗਿਆਨ ਰੱਖੋ ਕਿ ਸੱਚਾਈ ਅਤੇ ਝੂਠੀ ਸਿੱਖਿਆ ਵਿਚ ਫ਼ਰਕ ਕਰ ਸਕੋ।* ਉਨ੍ਹਾਂ ਲਈ ''ਨਿਹਚਾ ਜੋਗ ਵਚਨ ਨੂੰ ਜਿਹੜਾ ਇਸ ਸਿੱਖਿਆ ਦੇ ਅਨੁਸਾਰ ਹੈ ਫੜ੍ਹੀ ਰੱਖਣਾ'' ਜ਼ਰੂਰੀ ਹੈ (ਆਇਤ 9)। (2) *ਸੱਚਾਈ ਦੀ ਸਿੱਖਿਆ ਦਿਓ ਅਤੇ ਵੇਖੋ ਕਿ ਜਿਸ ਮੰਡਲੀ ਵਿਚ ਉਹ ਸੇਵਾ ਕਰਦੇ ਹਨ ਉਨ੍ਹਾਂ ਵਿਚ ਸੱਚਾਈ ਸਿਖਾਈ ਜਾ ਰਹੀ ਹੈ:* ਐਲਡਰਾਂ ਲਈ ''ਖਰੀ ਸਿੱਖਿਆ ਨਾਲ ਉਪਦੇਸ਼'' ਦੇਣਾ ਜ਼ਰੂਰੀ ਹੈ (ਆਇਤ 9)। (3) *ਜਿਸ ਨਾਲ ਉਹ ਝੂਠੇ ਗੁਰੂਆਂ ਅਤੇ ਝੂਠੀ ਸਿੱਖਿਆ ਦਾ ਮੂੰਹ ਬੰਦ ਕਰ ਸਕਣ।* ਆਇਤ 9 ਆਖਦੀ ਹੈ ਕਿ ਐਲਡਰਾਂ ਨੂੰ ਖਰੀ ਸਿੱਖਿਆ ''ਦਾ ਵਿਰੋਧ ਕਰਨ ਵਾਲਿਆਂ ਦਾ ਮੂੰਹ ਬੰਦ ਕਰਨ'' ਦੇ ਯੋਗ ਹੋਣਾ ਚਾਹੀਦਾ ਹੈ। (4) ਝੂਠੀ ਸਿੱਖਿਆ ਝੂਠੇ ਗੁਰੂਆਂ ਤੋਂ ਇੱਜੜ ਦੀ ਰਖਵਾਲੀ ਕਰੋ। ਆਇਤ 10 ਅਤੇ 11 ਵਿਚ ਪੌਲੁਸ ਨੇ ਵਿਸਤਾਰ ਨਾਲ ਦੱਸਿਆ ਹੈ ਕਿ ਕਿਉਂ ''ਬਾਹਲੇ ਢੀਠ, ... ਹਨ; ਜਿਨ੍ਹਾਂ ਦਾ ਮੂੰਹ ਬੰਦ ਕਰਨਾ ਚਾਹੀਦਾ ਹੈ। ...''

### ਸੱਚਾਈ ਦੀ ਸਿੱਖਿਆ ਦੇਣਾ

ਕਿਉਂਕਿ ਖਰੀ ਸਿੱਖਿਆ ਜ਼ਰੂਰੀ ਹੈ, ਇਸ ਲਈ ਇਹ ਲਗਾਤਾਰ ਸਿਖਾਉਂਦੇ ਰਹਿਣਾ ਬੇਹੱਦ ਜ਼ਰੂਰੀ ਹੈ। ਜੇ ''ਡਾਕਟ੍ਰਿਨ ਤੇ'' ਉਪਦੇਸ਼ ਨਾ ਦਿੱਤੇ ਜਾਣ ਤਾਂ ਮੰਡਲੀ ਝੂਠੇ ਗੁਰੂਆਂ ਤੋਂ ਪ੍ਰਭਾਵਿਤ ਹੋ ਸਕਦੀ ਹੈ। ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸਿਰਫ਼ ਅਸੀਂ ਹੀ ਉਹ ਇਕ ਪੀੜ੍ਹੀ ਹਾਂ ਜੋ ਬੇਦੀਨ ਨਹੀਂ ਹੋਏ!

### ਵਿਚਾਰ ਦੀ ਅਜ਼ਾਦੀ ਦੇਣਾ

ਕਲੀਸੀਆ ਦੇ ਆਗੂਆਂ ਲਈ ਵਿਸ਼ਵਾਸ ਅਤੇ ਵਿਚਾਰ ਦੇ ਮਾਮਲਿਆਂ ਵਿਚ ਫ਼ਰਕ ਕਰਨਾ ਜ਼ਰੂਰੀ ਹੈ। ਉਨ੍ਹਾਂ ਨੂੰ ਚਾਹੀਦਾ ਹੈ ਕਿ ਕਲੀਸੀਆ ਦੇ ਮੈਂਬਰਾਂ ਨੂੰ ਇਹ ਵਿਸ਼ਵਾਸ ਕਰਨ

ਦੀ ਅਜ਼ਾਦੀ ਦੇਣ ਦਾ ਫ਼ੈਸਲਾ ਲੈਣ ਕਿ ਵਿਚਾਰ ਵਿਚ ਉਨ੍ਹਾਂ ਦੀ ਕੀ ਇੱਛਾ ਹੈ।

''ਵਿਸ਼ਵਾਸ ਦੀਆਂ ਗੱਲਾਂ'' ਅਤੇ ''ਵਿਚਾਰ ਦੀਆਂ ਗੱਲਾਂ'' ਤੋਂ ਸਾਡਾ ਕੀ ਭਾਵ ਹੈ? ਕਲੀਸੀਆ ਦੀ ਬਹਾਲੀ ਦੀ ਲਹਿਰ ਵਿਚ, ''ਵਿਸ਼ਵਾਸ, ਏਕਤਾ ਦੇ ਮਾਮਲਿਆਂ ਵਿਚ, ਵਿਚਾਰ ਦੀ ਅਜ਼ਾਦੀ ਦੇ ਮਾਮਲਿਆਂ ਵਿਚ, ਸਭ ਗੱਲਾਂ ਵਿਚ, ਪਿਆਰ'' ਵਿਚ ਫ਼ਰਕ ਕੀਤਾ ਗਿਆ। ''ਵਿਸ਼ਵਾਸ ਦੀਆਂ ਗੱਲਾ'' ਦਾ ਸਬੰਧ ਨਵੇਂ ਨੇਮ ਦੀ ਮਸੀਹੀਅਤ ਦੇ ਨਾਲ ਖ਼ਤਮ ਹੋਣ ਵਾਲੇ ਪਹਿਲੂਆਂ ਤੋਂ ਹੈ, ਭਾਵ ਉਹ ਜ਼ਰੂਰੀ ਗੱਲਾਂ ਜੋ ਵਕਤ ਦੇ ਨਾਲ ਬਦਲਦੀਆਂ ਨਹੀਂ ਅਤੇ ਜਿਨ੍ਹਾਂ ਦੀ ਸਿੱਖਿਆ ਨਵੇਂ ਨੇਮ ਦੀ ਕਲੀਸੀਆ ਦੀ ਸਥਾਪਨਾ ਦੇ ਸਮੇਂ ਦਿੱਤੀ ਜਾਣੀ ਜ਼ਰੂਰੀ ਹੈ। ''ਵਿਚਾਰ ਦੀਆਂ ਗੱਲਾਂ'' ਵਿਚ ਉਹ ਸਵਾਲ ਆਉਂਦੇ ਹਨ ਜੋ ਪਹਿਲੀ ਸਦੀ ਦੀ ਮਸੀਹੀਅਤ ਵੇਲੇ ਬੇਲੋੜੇ ਸਨ।

ਨਵੇਂ ਨੇਮ ਵਿਚ ਪਾਈ ਜਾਣ ਵਾਲੀਆਂ ਜ਼ਰੂਰੀ ਅਤੇ ਗੈਰ ਜ਼ਰੂਰੀ ਗੱਲਾਂ ਵਿਚ ਫ਼ਰਕ ਕਰਨ ਦਾ ਸਮਾਂ ਨਹੀਂ ਹੈ। ਬਲਕਿ ਅਸਾਂ ਸਿਰਫ਼ ਇਹ ਸਾਫ਼ ਕਰਨਾ ਹੈ ਕਿ ਅਸੀਂ ਇਨ੍ਹਾਂ ਉਪਦੇਸ਼ਾਂ ਨੂੰ ਦੋ ਵਰਗਾਂ ਵਿਚ ਵੰਡ ਲਿਆ ਹੈ। ਉਦਾਹਰਣ ਲਈ, ਆਮ ਤੌਰ ਤੇ ਵਿਸ਼ਵਾਸ ਦੀਆਂ ਗੱਲਾਂ ਨੂੰ ਜਿਵੇਂ ਪਾਪਾਂ ਦੀ ਮਾਫ਼ੀ ਲਈ ਡੁਬਕੀ ਨਾਲ ਬਪਤਿਸਮੇ ਦੀ ਸਿੱਖਿਆ, ਬੰਦਗੀ ਵਿਚ ਸਾਜ਼ਾਂ ਦੇ ਬਗ਼ੈਰ ਗਾਉਣਾ, ਹਫ਼ਤੇ ਦੇ ਪਹਿਲੇ ਦਿਨ (ਹੀ) ਪ੍ਰਭੂ ਭੋਜ ਲੈਣਾ ਆਦਿ ਵਰਗੀਆਂ ਗੱਲਾਂ ਨੂੰ ਵਰਗਾਂ ਵਿਚ ਵੰਡਿਆ ਗਿਆ ਹੈ। ਦੂਜੇ ਪਾਸੇ, ਅਸੀਂ ਵਿਚਾਰ ਦੀਆਂ ਗੱਲਾਂ ਦੇ ਸਵਾਲਾਂ, ਜਿਵੇਂ ਕਲੀਸੀਆ ਨੂੰ ਪ੍ਰਭੂ ਦੇ ਦਿਨ ਕਦੋਂ ਅਤੇ ਕਿੱਥੇ ਮਿਲਣਾ ਚਾਹੀਦਾ ਹੈ, ਬਪਤਿਸਮਾ ਕਿੱਥੇ ਦਿੱਤਾ ਜਾਣਾ ਚਾਹੀਦਾ ਹੈ, ਪ੍ਰਭੂ ਭੋਜ ਵਿਚ ਦਾਖਰਸ ਲੈਣ ਲਈ ਇਕ ਜਾਂ ਇਕ ਤੋਂ ਵੱਧ ਪਿਆਲੀਆਂ ਦੀ ਵਰਤੋਂ ਕਰਨੀ ਹੈ।

ਜਦ ਕਲੀਸੀਆ ਦੇ ਆਗੂ ਇਹ ਨਿਚੋੜ ਕੱਢਣ ਕਿ ਕੋਈ ਖਾਸ ਮਾਮਲਾ ਵਿਚਾਰ ਦੇ ਖੇਤਰ ਵਿਚ ਆਉਂਦਾ ਹੈ, ਵਿਸ਼ਵਾਸ ਦੇ ਖੇਤਰ ਵਿਚ ਨਹੀਂ, ਤਾਂ ਉਨ੍ਹਾਂ ਮੈਂਬਰਾਂ ਨੂੰ ਇਹ ਮੰਨਣ ਦੀ ਅਜ਼ਾਦੀ ਦੇ ਦੇਣੀ ਚਾਹੀਦੀ ਹੈ ਅਤੇ ਸਭ ਮੈਂਬਰਾਂ ਨੂੰ ਫ਼ਰਕ ਵਿਚਾਰ ਰੱਖਣ ਵਾਲੇ ਦੂਜੇ ਮੈਂਬਰਾਂ ਨੂੰ ਬ੍ਰਦਾਸ਼ਤ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ।

## ਝੂਠੀ ਸਿੱਖਿਆ ਤੋਂ ਚੌਕਸ ਰਹਿਣਾ

ਕਲੀਸੀਆ ਦੇ ਆਗੂਆਂ ਨੂੰ ਝੂਠੇ ਗੁਰੂਆਂ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਦੀ ਤਾੜ ਵਿਚ ਜਾਦੂਗਰਾਂ ਵਾਂਗ ਰਹਿਣ ਦੀ ਲੋੜ ਨਹੀਂ ਹੈ। ਦੂਜੇ ਪਾਸੇ, ਬਾਈਬਲ ਉਨ੍ਹਾਂ ਤੋਂ ਇਹ ਮੰਗ ਕਰਦੀ ਹੈ ਕਿ ਉਹ ਝੂਠੇ ਗੁਰੂਆਂ ਤੋਂ ''ਚੌਕਸ'' ਰਹਿਣ, ਕਿਉਂਕਿ ਰਸੂਲਾਂ ਦੇ ਕੰਮ 20:28-31 ਵਿਚ ਪੌਲੁਸ ਨੇ ਐਲਡਰਾਂ ਨੂੰ ਇਹ ਚਿਤਾਵਨੀ ਦਿੱਤੀ:

> ਤੁਸੀਂ ਆਪਣੀ, ਨਾਲੇ ਉਸ ਸਾਰੇ ਇੱਜੜ ਦੀ ਖਬਰਦਾਰੀ ਕਰੋ ਜਿਹ ਦੇ ਉੱਤੇ ਪਵਿੱਤਰ ਆਤਮਾ ਨੇ ਤੁਹਾਨੂੰ ਨਿਗਾਹਾਬਾਨ ਠਹਿਰਾਇਆ ਹੈ ... ਮੈਂ ਜਾਣਦਾ ਹਾਂ ਜੋ ਮੇਰੇ ਜਾਣ ਦੇ ਪਿੱਛੋਂ ਬੁਰੇ ਬੁਰੇ ਬਘਿਆੜ ਤੁਹਾਡੇ ਵਿਚ ਆ ਵੜਨਗੇ ਜੋ ਇੱਜੜ ਨੂੰ ਨਾ ਛੱਡਣਗੇ। ਅਤੇ ਤੁਹਾਡੇ ਆਪਣੇ ਹੀ ਵਿੱਚੋਂ ਕਈ ਪੁਰਖ ਖੜੇ ਹੋਣਗੇ ਜਿਹੜੇ ਉਲਟੀਆਂ ਗੱਲਾਂ ਕਰਨਗੇ ਕਿ ਚੇਲਿਆਂ ਨੂੰ ਆਪਣੀ ਵੱਲ ਖਿੱਚ ਲੈ ਜਾਣ। ਇਸ ਕਰਕੇ ਜਾਗਦੇ ਰਹੋ ...।

ਅਜਿਹੀ ਚੌਕਸੀ ਲਈ ਜ਼ਰੂਰੀ ਹੈ ਕਿ ਐਲਡਰ ਝੂਠੀਆਂ ਅਤੇ ਖ਼ਤਰਨਾਕ ਸਿੱਖਿਆਵਾਂ ਨੂੰ ਪਛਾਣਨ ਦੇ ਯੋਗ ਹੋਣ। ਇਸ ਕਰਕੇ ਆਗੂਆਂ ਨੂੰ ਹੋਰ ਥਾਂਵਾਂ ਵਿਚ ਡਾਕਟ੍ਰਿਨ ਸਬੰਧੀ ਦਿੱਕਤਾਂ ਤੋਂ ਜਾਗਰੂਕ ਕਰਨਾ ਜ਼ਰੂਰੀ ਹੈ। ਇਹਦੇ ਲਈ ਯਕੀਨਨ ਜ਼ਰੂਰੀ ਹੋਵੇਗਾ ਕਿ ਉਨ੍ਹਾਂ ਨੂੰ ਪਤਾ ਹੋਵੇ ਕਿ ਮੰਡਲੀ ਵਿਚ ਕਿਹੜਾ ਕੀ ਸਿਖਾ ਰਿਹਾ ਹੈ।

ਝੂਠੀ ਸਿੱਖਿਆ ਤੋਂ ਚੌਕਸ ਰਹਿਣ ਅਤੇ ਇਸ ਦੇ ਜ਼ਾਹਿਰ ਹੋਣ ਤੇ ਇਸ ਦੀ ਪਛਾਣ ਨਾਲ ਮੰਡਲੀ ਦੇ ਆਗੂਆਂ ਨੂੰ ਮੁਸ਼ਕਿਲਾਂ ਆਉਣ ਤੋਂ ਪਹਿਲਾਂ ਹੀ ਇਸ ਸਵਾਲ ਨਾਲ ਨਜਿੱਠਣ ਦਾ ਮੌਕਾ ਮਿਲ ਜਾਵੇਗਾ। ਉਹ ਪ੍ਰਿਸਕਿੱਲਾ ਅਤੇ ਅਕੂਲਾ ਵਾਂਗ ਉਸ ਨੂੰ ਜੋ ਗਲਤ ਸਿੱਖਿਆ ਦੇ ਰਹੇ ਹੋਣ, ਪਾਸੇ ਲਿਜਾ ਕੇ ਪਰਮੇਸ਼ੁਰ ਦਾ ਰਾਹ ਹੋਰ ਵੀ ਚੰਗੀ ਤਰ੍ਹਾਂ ਦੱਸ ਸਕਦੇ ਹਨ (ਰਸੂਲਾਂ ਦੇ ਕੰਮ 18:26)। ਜੇ ਇਹ ਢੰਗ ਕੰਮ ਨਹੀਂ ਕਰਦਾ, ਤਾਂ ਉਹ ਉਸ ਦੀ ਸਿੱਖਿਆ ਨੂੰ ਬੰਦ ਕਰਵਾ ਕੇ ਉਸ ਦੇ ਹੋਣ ਵਾਲੇ ਅਸਰ ਨੂੰ ਸੀਮਿਤ ਕਰ ਸਕਦੇ ਹਨ। ਜੋ ਕੁਝ ਵੀ ਕਰਨ ਉਨ੍ਹਾਂ ਨੂੰ ਚਾਹੀਦਾ ਹੈ ਕਿ ''ਸੱਪਾਂ ਵਾਂਗ ਹੁਸ਼ਿਆਰ ਅਤੇ ਕਬੂਤਰਾਂ ਵਾਂਗ ਭੋਲੇ'' ਬਣ ਕੇ ਇਹ ਸਭ ਕਰਨ (ਮੱਤੀ 10:16)।

## ਡਾਕਟ੍ਰਿਨ ਸਬੰਧੀ ਮੁਸ਼ਕਿਲਾਂ ਨੂੰ ਹੱਲ ਕਰਨਾ

ਡਾਕਟ੍ਰਿਨ ਸਬੰਧੀ ਅਸਹਿਮਤੀ ਪੈਦਾ ਹੋ ਹੀ ਜਾਵੇਗੀ। ਨਵੇਂ ਨੇਮ ਦੀ ਕਲੀਸੀਆ ਵਿਚ ਵੀ ਅਜਿਹਾ ਹੋਇਆ ਸੀ। ਪੱਤਰੀਆਂ ਦੇ ਹਰ ਪੰਨੇ ਤੇ ਪਹਿਲੀ ਕਲੀਸੀਆ ਦੀਆਂ ਮੰਡਲੀਆਂ ਤੇ ਡਾਕਟ੍ਰਿਨ ਸਬੰਧੀ ਮੁਸ਼ਕਿਲਾਂ ਦੇ ਹੋਣ ਦੀ ਗਵਾਹੀ ਮਿਲਦੀ ਹੈ। ਕੁਝ ਇਸੇ ਤਰ੍ਹਾਂ, ਡਾਕਟ੍ਰਿਨ ਸਬੰਧੀ ਅਸਹਿਮਤੀਆਂ ਲਗਭਗ ਰਹਿਣਗੀਆਂ ਹੀ, ਉਨ੍ਹਾਂ ਨੂੰ ਰੋਕਣ ਲਈ ਭਾਵੇਂ ਕੁਝ ਵੀ ਕੀਤਾ ਜਾਵੇ। ਇਸ ਗੱਲ ਵਿਚ ਕੁਝ ਅਰਾਮ ਮਿਲਦਾ ਹੈ: ਕਿਸੇ ਕਲੀਸੀਆ ਲਈ ਜਦ ਤਕ ਡਾਕਟ੍ਰਿਨ ਸਭ ਕੁਝ ਹੈ ਤਦ ਤਕ ਉਸ ਮੰਡਲੀ ਵਿਚ ਡਾਕਟ੍ਰਿਨ ਤੇ ਕੁਝ ਨਾ ਕੁਝ ਅਸਹਿਮਤੀ ਜ਼ਰੂਰ ਰਹਿਗੀ। ਜਦ ਇਸ ਦਾ ਕੋਈ ਮਤਲਬ ਨਹੀਂ ਰਹੇਗਾ, ਡਾਕਟ੍ਰਿਨ ਸਬੰਧੀ ਕੋਈ ਝਗੜਾ ਵੀ ਨਹੀਂ ਹੋਵੇਗਾ।

ਡਾਕਟ੍ਰਿਨ ਸਬੰਧੀ ਅਸਹਿਮਤੀ ਦੇ ਕਾਰਣ ਬਹੁਤ ਨੁਕਸਾਨ ਹੋ ਸਕਦਾ ਹੈ। ਸਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਆਗੂਆਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਜਦ ਡਾਕਟ੍ਰਿਨ ਬਾਰੇ ਕਲੀਸੀਆ ਦੇ ਮੈਂਬਰਾਂ ਵਿਚ ਅਸਹਿਮਤੀ ਹੋਵੇ ਤਾਂ ਕੀ ਕੀਤਾ ਜਾ ਸਕਦਾ ਹੈ।

### ਇਹ ਤੈਅ ਕਰਨਾ ਕਿ ਕੋਈ ਮੁੱਦਾ ਕਿੰਨਾ ਪੇਚੀਦਾ ਹੈ

ਐਲਡਰਾਂ ਨੂੰ ਭਾਈਆਂ ਵਿਚ ਪਾਈ ਜਾਣ ਵਾਲੀ ਅਸਹਮਤਿ ਦੇ ਮੁੱਦੇ ਦੀ ਪੇਚੀਦਗੀ ਤੈਅ ਕਰਨੀ ਚਾਹੀਦੀ ਹੈ। ਜਿਸ ਲਈ ਜ਼ਰੂਰੀ ਹੈ ਕਿ ਉਹ ਇਕ ਗੱਲ ਪੁੱਛਣ ਕਿ ਇਹ ਸਵਾਲ ਵਿਸ਼ਵਾਸ ਦੇ ਦਾਇਰੇ ਵਿਚ ਆਉਂਦਾ ਹੈ ਜਾਂ ਵਿਚਾਰ ਦੇ। ਉਨ੍ਹਾਂ ਨੂੰ ਇਹ ਵੀ ਪੁੱਛਣਾ ਚਾਹੀਦਾ ਹੈ ਕਿ ਅਸਹਿਮਤੀ ਨਾਲ ਇਹ ਸਵਾਲ ਖੜਾ ਕਰਨ ਵਾਲਿਆਂ ਦਾ ਬਚਾਇਆ ਜਾਣਾ ਕਿੱਥੋਂ ਤਕ ਪ੍ਰਭਾਵਿਤ ਹੋਵੇਗਾ। ਉਦਾਹਰਣ ਲਈ ਕੁਝ ਲੋਕਾਂ ਦਾ ਇਹ ਮੰਨਣਾ ਹੈ ਕਿ ਕਲੀਸੀਆ ਦੀ ਸਥਾਪਨਾ ਦੇ ਬਾਅਦ ਯੂਹੰਨਾ ਦੇ ਸਭ ਚੇਲਿਆਂ ਨੂੰ ਦੁਬਾਰਾ ਬਪਤਿਸਮਾ ਲੈਣਾ ਪਿਆ ਸੀ। ਦੂਜੇ ਇਹ ਮੰਨਦੇ ਹਨ ਕਿ ਜਿਨ੍ਹਾਂ ਨੂੰ ਕਲੀਸੀਆ ਬਣਨ ਤੋਂ ਪਹਿਲਾ ਯੂਹੰਨਾ ਦਾ ਬਪਤਿਸਮਾ ਮਿਲਿਆ ਸੀ ਉਨ੍ਹਾਂ ਨੂੰ ਦੁਬਾਰਾ ਬਪਤਿਸਮਾ ਲੈਣ ਦੀ ਲੋੜ ਨਹੀਂ ਸੀ। ਇਹ ਮੁੱਦੇ ਦੋਹਾਂ ਪੱਖਾਂ ਦੇ

ਵਿਸ਼ਵਾਸੀ ਭਾਈਆਂ ਅਤੇ ਭੈਣਾਂ ਦਾ ਸਵਾਲ ਹੈ। ਪਰ ਦੋਵੇਂ ਪੱਖ ਇਸ ਗੱਲ ਤੇ ਸਹਿਮਤ ਹਨ ਕਿ ਜੋ ਵੀ ਸਹੀ ਹੋਵੇ, ਇਹ ਮਾਮਲਾ ਅੱਜ ਕਿਸੇ ਦੇ ਪ੍ਰਭਾਵ ਨੂੰ ਪ੍ਰਭਾਵਿਤ ਨਹੀਂ ਕਰਦਾ, ਨਾ ਹੀ ਅੱਜ ਕਿਸੇ ਵਾਸਤੇ ਬਪਤਿਸਮਾ ਲੈਣ ਦੀ ਲੋੜ ਨੂੰ ਘੱਟ ਕਰਦਾ ਹੈ। ਅਸਹਿਮਤੀਆਂ ਦੀਆਂ ਹੋਰ ਵੀ ਅਜਿਹੀਆਂ ਗੱਲਾਂ ਹਨ ਪਰ ਸਹੀ ਕੌਣ ਹੈ ਇਸ ਨਾਲ ਕੋਈ ਫ਼ਰਕ ਨਹੀਂ ਪਵੇਗਾ, ਉਨ੍ਹਾਂ ਦੀ ਚਿੰਤਾ ਕਰਨਾ ਜ਼ਰੂਰੀ ਨਹੀਂ ਹੈ ਕਿਉਂਕਿ ਉਸ ਨਾਲ ਕਿਸੇ ਵੀ ਆਤਮਾ ਨੂੰ ਗੁਆਉਣ ਦਾ ਕੋਈ ਖ਼ਤਰਾ ਨਹੀਂ ਹੈ। ਮੁੱਦੇ ਦੀ ਪੇਚੀਦਗੀ ਦਾ ਸਵਾਲ ਇਹ ਹੈ ਕਿ ''ਕੀ ਇਸ ਡਾਕਟ੍ਰਿਨ ਜਾਂ ਵਿਹਾਰ ਨਾਲ ਲੋਕਾਂ ਦੇ ਗੁਆਚਣ ਦਾ ਖ਼ਤਰਾ ਹੈ?''

**ਹਾਲਾਤ ਮੁਤਾਬਕ ਕੰਮ ਕਰਨਾ**

ਆਗੂਆਂ ਵੱਲੋਂ ਮੁੱਦੇ ਦੀ ਪੇਚੀਦਗੀ ਦੀ ਪੜਤਾਲ ਕਰਨ ਦੇ ਬਾਅਦ, ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਹਾਲਾਤ ਵੇਖ ਕੇ ਢੁਕਵੇਂ ਕੰਮ ਕਰਨ। ਇਸ ਲਈ ਜ਼ਰੂਰੀ ਹੈ ਕਿ ਉਹ ਇਹ ਵੇਖਣ ਕਿ ਅਸਹਿਮਤੀ ਵਿਸ਼ਵਾਸ ਦੀ ਗੱਲ ਤੇ ਹੈ ਜਾਂ ਵਿਚਾਰ ਦੀ ਗੱਲ ਤੇ।

*ਵਿਸ਼ਵਾਸ ਅਤੇ ਵਿਚਾਰ ਵਿਚ ਫ਼ਰਕ ਕਰਨਾ ਜ਼ਰੂਰੀ ਹੈ।* ਪਹਿਲੀ ਸਦੀ ਵਿਚ ਕਲੀਸੀਆਵਾਂ ਨੂੰ ਅਜਿਹੇ ਫ਼ਰਕ ਕਰਨਾ ਜ਼ਰੂਰੀ ਸੀ। ਜਦ ਕੁਝ ਲੋਕ ਇਹ ਸਿਖਾਉਣ ਲੱਗੇ ਕਿ ਮਸੀਹੀ ਬਣਨ ਲਈ ਗੈਰ ਕੌਮ ਲੋਕਾਂ ਦੀ ਸੁੰਨਤ ਕੀਤੀ ਜਾਣੀ ਜ਼ਰੂਰੀ ਹੈ, ਤਾਂ ਯਰੂਸ਼ਲਮ ਵਿਚ ਆਗੂਆਂ ਦੀ ਬਹੁਤ ਬਹਿਸ ਦੇ ਬਾਅਦ ਇਸ ਹਾਲਤ ਦੇ ਉਲਟ ਫ਼ੈਸਲਾ ਲਿਆ ਗਿਆ (ਰਸੂਲਾਂ ਦੇ ਕੰਮ 15:10, 11, 19)। ਸੁੰਨਤ ਦੀ ਸ਼ਰਤ ਰੱਖਣ ਦਾ ਵਿਚਾਰ ਛੁਟਕਾਰੇ ਨੂੰ ਪ੍ਰਭਾਵਿਤ ਕਰਨਾ ਸੀ; ਇਸ ਦਾ ਵਿਰੋਧ ਜ਼ਰੂਰੀ ਸੀ ਕਿਉਂਕਿ ਇਹ ਵਿਸ਼ਵਾਸ ਦਾ ਮਾਮਲਾ ਸੀ। ਪੌਲੁਸ ਨੇ ਖਾਸ ਤੌਰ ਤੇ ਗਲਾਤੀਆ ਵਿਚ ਕਿਹਾ ਸੀ ਕਿ ਬਚਾਏ ਜਾਣ ਲਈ ਸੁੰਨਤ ਦੀ ਕੋਈ ਲੋੜ ਨਹੀਂ ਹੈ (ਗਲਾਤੀਆਂ 2:3-5; 5:1-6)।

*ਵਿਚਾਰ ਦੇ ਖੇਤਰ ਵਿਚ ਅਸਹਿਮਤੀਆਂ ਹੋ ਸਕਦੀਆਂ ਹਨ।* ਕਈ ਵਾਰ ਸਥਾਨਕ ਕਲੀਸੀਆ ਵਿਚ ਕੁਝ ਲੋਕ ਵਿਚਾਰ ਦੀਆਂ ਗੱਲਾਂ ਵਿਚ ਇਕ ਦੂਜੇ ਨਾਲ ਅਸਹਿਮਤ ਹੋ ਸਕਦੇ ਹਨ। ਸਾਫ਼ ਤੌਰ ਤੇ, ਇਸ ਸਭ ਦਾ ਇਹ ਨਿਚੋੜ ਨਹੀਂ ਹੋਵੇਗਾ ਕਿ ਉਨ੍ਹਾਂ ਦੀਆਂ ਅਸਹਿਮਤੀਆਂ ਮਹੱਤਵਪੂਰਨ ਮਾਮਲੇ ਨਹੀਂ ਹਨ। ਤਾਂ ਫਿਰ ਬੁਨਿਆਦੀ ਸਿਖਿਆਵਾਂ (ਮੁਕਤੀ ਦੀ ਯੋਜਨਾ, ਕਲੀਸੀਆ ਦੀ ਬੰਦਗੀ ਆਦਿ) ਤੇ ਸਹਿਮਤ ਹੋਣ ਵਾਲਿਆਂ ਵਿਚ ਵਿਚਾਰ ਦੀਆਂ ਅਤੇ ਵਿਸ਼ਵਾਸ ਦੀਆਂ ਗੱਲਾਂ ਵਿਚ ਫ਼ਰਕ ਹੋਣ ਤੇ ਕੀ ਕੀਤਾ ਜਾਣਾ ਚਾਹੀਦਾ ਹੈ? ਉਦਾਹਰਣ ਲਈ ਕੁਝ ਲੋਕਾਂ ਦਾ ਖ਼ਿਆਲ ਹੁੰਦਾ ਹੈ ਕਿ ਪ੍ਰਭੂ ਭੋਜ ਲਈ ਇੱਕੋ ਹੀ ਭਾਂਡਾ ਵਰਤਿਆ ਜਾ ਸਕਦਾ ਹੈ ਜਦ ਕਿ ਦੂਜੇ ਇਹ ਮੰਨਦੇ ਹਨ ਕਿ ਭਾਂਡਿਆਂ ਦੀ ਗਿਣਤੀ ਆਪੋ-ਆਪਣਾ ਵਿਚਾਰ ਹੈ।

ਅਜਿਹੇ ਮਤਭੇਦ ਹੋਣ ਤੇ ਕੀ ਕੀਤਾ ਜਾ ਸਕਦਾ ਹੈ? ਕਲੀਸੀਆ ਦੇ ਆਗੂ ਭਾਈਆਂ ਵਿਚ ਗੈਰ ਜ਼ਰੂਰੀ ਗੱਲਾਂ ਵਿਚ ਅਸਹਿਮਤੀ ਹੋਣ ਤੇ ਢੁਕਵੇਂ ਫ਼ੈਸਲੇ ਕਿਵੇਂ ਲੈ ਸਕਦੇ ਹਨ? ਇਸ ਸਵਾਲ ਦਾ ਜਵਾਬ ਖ਼ੁਦਾ ਦੀ ਪ੍ਰੇਰਣਾ ਨਾਲ ਰੋਮੀਆਂ 14 ਅਧਿਆਇ ਵਿਚ ਮਿਲਦਾ ਹੈ। ਪੌਲੁਸ ਨੇ ਇਕ ਨੂੰ ''ਕਮਜ਼ੋਰ'' (ਰੋਮੀਆਂ 14:1, 2) ਅਤੇ ਦੂਜੇ ਨੂੰ ''ਬਲਵਾਨ'' ਆਖਿਆ ਸੀ (ਰੋਮੀਆਂ 15:1)। ''ਨਿਰਬਲ'' ਸੰਗਤ ਨੇ ਖਾਣੇ ਖਾਣ ਅਤੇ ਦਿਨਾਂ ਨੂੰ ਮੰਨਣ ਜਿਵੇਂ ਕੁਝ ਮਨਾਹੀਆਂ ਨੂੰ ਮੰਨ ਲਿਆ ਸੀ (ਰੋਮੀਆਂ 14:2, 5, 21), ਜਦਕਿ ''ਬਲਵਾਨ'' ਸੰਗਤ ਨੇ ਇਸ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ। ''ਨਿਰਬਲ'' ਸੰਗਤ ਨੂੰ ਲੱਗਿਆ ਕਿ ਇਹ

ਫ਼ਰਕ ਵਿਸ਼ਵਾਸ ਦਾ ਹੈ; ਜਦਕਿ ''ਬਲਵਾਨ'' ਸੰਗਤ ਨੂੰ ਲੱਗਿਆ ਕਿ ਇਹ ਅਜ਼ਾਦੀ ਦਾ ਮਾਮਲਾ ਹੈ। ਇਸ ਮਾਮਲੇ ਵਿਚ ''ਬਲਵਾਨ'' ਸੰਗਤ ਦੀ ਸੋਚ ਸਹੀ ਸੀ ਕਿ ''ਕੋਈ ਵਸਤੂ ਆਪ ਤੋਂ ਆਪ ਅਸ਼ੁੱਧ ਨਹੀਂ'' (ਰੋਮੀਆਂ 14:14: ਆਇਤ 20 ਵੀ ਵੇਖੋ)।

ਪਰ ਪੌਲੁਸ ਨੇ ਆਖਿਆ ਕਿ ਭਾਈਆਂ ਨੂੰ ਭਾਵ ਦੋਹਾਂ ਗੁੱਟਾਂ ਨੂੰ ਇਕੱਠੇ ਰਹਿਣਾ ਸਿਖਾਉਣਾ ਚਾਹੀਦਾ ਹੈ। ਖਾਸ ਤੌਰ ਤੇ ਉਨ੍ਹਾਂ ਨੂੰ ਹੇਠ ਲਿਖੀਆਂ ਗੱਲਾਂ ਸਿੱਖਣ ਦੀ ਲੋੜ ਸੀ:[1]

(1) *ਇਕ ਦੂਜੇ ਨੂੰ ਕਬੂਲ ਕਰਨਾ।* ਹਰ ਗੁੱਟ ਨੂੰ ਚਾਹੀਦਾ ਸੀ ਕਿ ਦੂਜੇ ਨੂੰ ਕਬੂਲ ਕਰੇ। ''ਬਲਵਾਨਾਂ'' ਨੂੰ ਚਾਹੀਦਾ ਸੀ ਕਿ ਉਹ ''ਕਮਜ਼ੋਰਾਂ'' ਨੂੰ ਤੁੱਛ ਜਾਣੇ ਬਗ਼ੈਰ ਕਬੂਲ ਕਰਨ: ''ਜਿਹੜਾ ਖਾਣ ਵਾਲਾ ਹੈ ਉਹ ਨਾ- ਖਾਣ ਵਾਲੇ ਉੱਤੇ ਦੋਸ਼ ਨਾ ਲਾਵੇ।'' ''ਕਮਜ਼ੋਰ'' ਬਿਨਾਂ ਨੁਕਸ ਕੱਢੇ ''ਬਲਵਾਨ'' ਨੂੰ ਕਬੂਲ ਕਰਨ: ''ਨਾ ਖਾਣ ਵਾਲਾ ਖਾਣ ਵਾਲੇ ਉੱਤੇ ਦੋਸ਼ ਨਾ ਲਾਵੇ; ਕਿਉਂਕਿ ਪਰਮੇਸ਼ੁਰ ਨੇ ਉਸ ਨੂੰ ਕਬੂਲ ਕਰ ਲਿਆ ਹੈ'' (ਰੋਮੀਆਂ 14:3; ਆਇਤ 10 ਵੀ ਵੇਖੋ)।

(2) *ਸਹਿਣ ਦੀ ਸ਼ਕਤੀ ਹੋਣਾ।* ''ਬਲਵਾਨਾਂ'' ਨੂੰ ਆਪਣੇ ਭਾਈਆਂ ਦੀ ਖਾਤਿਰ ਆਪਣੀ ਅਜ਼ਾਦੀ ਤਿਆਗਣ ਲਈ ਆਖਿਆ ਗਿਆ ਸੀ। ਉਨ੍ਹਾਂ ਨੂੰ ''ਆਪਣੇ ਭਰਾ ਲਈ ਠੇਡਾ ਖਾਣ ਦਾ ਕਾਰਣ ਨਾ'' ਬਣਨ ਲਈ ਆਖਿਆ ਗਿਆ ਸੀ (ਰੋਮੀਆਂ 14:13; ਆਇਤਾਂ 15, 20, 21 ਵੀ ਵੇਖੋ)। ਕਿਸੇ ਭਰਾ ਨੂੰ ਠੋਕਰ ਦੇਣ ਦਾ ਅਰਥ ਉਸ ਨੂੰ ਪਰੇਸ਼ਾਨ ਕਰਨਾ ਹੀ ਨਹੀਂ ਹੈ ਸਗੋਂ ਇਸ ਦਾ ਅਰਥ ਉਸ ਤੋਂ ਪਾਪ ਕਰਵਾਉਣਾ ਅਤੇ ਉਸ ਜਾਨ ਨੂੰ ਜੋਖਮ ਵਿਚ ਪਾਉਣਾ ਹੈ।

ਇਸ ਮੁੱਦੇ ਤੇ, ''ਬਲਵਾਨ'' ਲੋਕ ਸਹੀ ਸਨ। ਇਸ ਦੇ ਬਾਵਜੂਦ ਜੋ ਇਸ ਲੜਾਈ ਵਿਚ ''ਸਹੀ'' ਸੀ ਉਨ੍ਹਾਂ ਨੂੰ ਵੀ ਗਲਤ ਨੂੰ ਬ੍ਰਦਾਸ਼ਤ ਕਰਨ ਲਈ ਆਖਿਆ ਗਿਆ ਸੀ। ਕਿਉਂ? ਸ਼ਾਇਦ ਇਸ ਲਈ ਕਿਉਂਕਿ ਉਹ ''ਬਲਵਾਨ'' ਸਨ। ਉਨ੍ਹਾਂ ਨੂੰ ਮਸੀਹੀ ਧਰਮ ਤੇ ਆਪਣੇ ਆਪ ਨੂੰ ਕੁਰਬਾਨ ਕਰਨ ਦੀ ਬੇਹਤਰ ਸਮਝ ਹੋਣੀ ਚਾਹੀਦੀ ਸੀ; ਪੌਲੁਸ ਨੇ ਆਖਿਆ, ''ਸਾਨੂੰ ਜੋ ਤਕੜੇ ਹਾਂ ਚਾਹੀਦਾ ਹੈ ਭਈ ਬਲਹੀਣਾਂ ਦੀਆਂ ਨਿਰਬਲਤਾਈਆਂ ਨੂੰ ਸਹਾਰੀਏ ਅਤੇ ਆਪ ਨੂੰ ਨਾ ਰਿਝਾਈਏ। ...'' (ਰੋਮੀਆਂ 15:1-3)। ਜੇ ਮਸੀਹੀ ਲੋਕਾਂ ਦਾ ਵਿਹਾਰ ਅਜਿਹਾ ਹੋਵੇ ਤਾਂ ਡਾਕਟ੍ਰਿਨ ਸਬੰਧੀ ਕਿੰਨੇ ਹੀ ਮਤਭੇਦਾਂ ਨੂੰ ਦੂਰ ਕੀਤਾ ਜਾ ਸਕਦਾ ਹੈ।

(3) *ਇਕ ਦੂਜੇ ਦਾ ਸੁਧਾਰ।* ਕਲੀਸੀਆ ਨੂੰ ਇਹ ਸਮਝਣਾ ਚਾਹੀਦਾ ਹੈ ਕਿ ''ਪਰਮੇਸ਼ੁਰ ਦਾ ਰਾਜ ਖਾਣਾ ਪੀਣਾ ਨਹੀਂ ਸਗੋਂ ਪਵਿੱਤਰ ਆਤਮਾ ਵਿਚ ਸ਼ਾਂਤੀ ਅਤੇ ਅਨੰਦ ਹੈ।'' ਹਰ ਮਸੀਹੀ ਨੂੰ ਚਾਹੀਦਾ ਹੈ ਕਿ ''ਉਨ੍ਹਾਂ ਗੱਲਾਂ ਦਾ ਪਿੱਛਾ ਕਰੇ ਜਿਨ੍ਹਾਂ ਤੋਂ ਮਿਲਾਪ ਅਤੇ ਇਕ ਦੂਏ ਦੀ ਤਰੱਕੀ ਹੋਵੇ'' (ਰੋਮੀਆਂ 14:17, 19)।

(4) *ਮਨ ਦੀ ਮੰਨਣਾ।* ਹਰ ਮੈਂਬਰ ਨੂੰ ਚਾਹੀਦਾ ਹੈ ਕਿ ਉਸ ਦੀ ਸਮਝ ਪਰਮੇਸ਼ੁਰ ਦੀ ਇੱਛਾ ਨਾਲ ਮੇਲ ਖਾਂਦੀ ਹੋਵੇ: ''ਪਰ ਜਿਹੜਾ ਭਰਮ ਕਰਦਾ ਹੈ ਜੇ ਉਹ ਖਾਵੇ ਤਾਂ ਦੋਸ਼ੀ ਹੋਇਆ ਇਸ ਲਈ ਜੋ ਨਿਹਚਾ ਕਰਕੇ ਨਹੀਂ ਖਾਂਦਾ ਹੈ ਅਤੇ ਜੋ ਕੁਝ ਨਿਹਚਾ ਥੀਂ ਨਹੀਂ ਹੁੰਦਾ ਹੈ ਸੋ ਪਾਪ ਹੈ'' (ਰੋਮੀਆਂ 14:23)। ਇਸ ਲਈ ਜੇ ਕੋਈ ਆਪਣੀ ਸਮਝ ਦੇ ਵਿਰੁੱਧ ਜਾਂਦਾ ਹੈ, ਬੇਸ਼ੱਕ ਉਸ ਨੇ ਸਹੀ ਵੀ ਕੀਤਾ ਹੋਵੇ, ਤਾਂ ਵੀ ਉਹ ਪਾਪ ਹੈ।

ਜੇ ਸਥਾਨਕ ਕਲੀਸੀਆ ਵਿਚ ਡਾਕਟ੍ਰਿਨ ਸਬੰਧੀ ਅਸਹਿਮਤੀਆਂ ਵਿਚਾਰ ਦੀਆਂ ਗੱਲਾਂ ਤੇ ਹਨ, ਤਾਂ ਰੋਮੀਆਂ 14 ਦੀ ਉਦਾਹਰਣ ਮੰਨੀ ਜਾਣੀ ਚਾਹੀਦੀ ਹੈ।

*ਅਸਹਿਮਤੀਆਂ ਵਿਸ਼ਵਾਸ ਦੇ ਖੇਤਰ ਵਿਚ ਹੋ ਸਕਦੀਆਂ ਹਨ।* ਜੇ ਕਲੀਸੀਆ ਦੇ ਆਗੂ

ਇਹ ਫ਼ੈਸਲਾ ਲੈਂਦੇ ਹਨ ਕਿ ਡਾਕਟ੍ਰਿਨ ਸਬੰਧੀ ਮੁੱਦਾ ਅਸਲ ਵਿਚ ਵਿਸ਼ਵਾਸ ਦਾ ਮੁੱਦਾ ਹੈ ਅਤੇ ਇਹ ਲੋਕਾਂ ਦੇ ਵਿਸ਼ਵਾਸ ਤੋਂ ਡਿੱਗਣ ਦਾ ਕਾਰਣ ਬਣ ਸਕਦਾ ਹੈ, ਤਾਂ ਉਹ ਕੀ ਕਰ ਸਕਦੇ ਹਨ।

ਪਹਿਲਾਂ ਤਾਂ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਗਲਤ ਸਿੱਖਿਆ ਦੇਣ ਵਾਲਿਆਂ ਨੂੰ ਸੁਧਾਰਣ। ਬੇਸ਼ੱਕ ਉਨ੍ਹਾਂ ਨੂੰ ਇਹ ਸਭ ਪਿਆਰ ਨਾਲ ਕਰਨਾ ਚਾਹੀਦਾ ਹੈ। ਨਿੱਜੀ ਅਟੈਕ ਕਰਨ ਦੇ ਦੋਸ਼ੀ ਹੋਣ ਦਾ ਮਸੀਹੀ ਲੋਕਾਂ ਲਈ ਕੋਈ ਬਹਾਨਾ ਨਹੀਂ ਹੈ, ਭਾਵੇਂ ਇਹ ਕਿਸੇ ਝੂਠੇ ਗੁਰੂ ਨਾਲ ਹੀ ਹੋਵੇ। ਅਫ਼ਸੀਆਂ 4:15 ਮੁਤਾਬਕ ਮਸੀਹੀ ਲੋਕਾਂ ਨੂੰ ਚਾਹੀਦਾ ਹੈ ਕਿ ਅਜਿਹਾ ਉਹ ''ਪਿਆਰ ਨਾਲ'' ਕਰਨ। 2 ਤਿਮੁਥਿਉਸ 2:23-26 ਵਿਚ ਚਾਰ ਨਿਅਮ ਦਿੱਤੇ ਗਏ ਹਨ: (1) ਕਲੀਸੀਆ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਕਿਸੇ ਝਗੜੇ ਨੂੰ ਨਾ ਵਧਾਉਣ ਕਿਉਂਕਿ ਕੁਝ ਗੱਲਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਉੱਤੇ ਬਹਿਸ ਕਰਨ ਦਾ ਕੋਈ ਫ਼ਾਇਦਾ ਨਹੀਂ ਹੁੰਦਾ। (2) ਕਈ ਵਾਰ ਸੱਚਾਈ ਲਈ ਲੜਨ ਵਾਲਿਆਂ ਲਈ ਆਪਣੇ ਵਿਰੋਧੀਆਂ ਨੂੰ ਸੁਧਾਰਣਾ ਜ਼ਰੂਰੀ ਹੁੰਦਾ ਹੈ। (3) ਇਹ ਸੁਧਾਰ ''ਨਰਮਾਈ ਨਾਲ'' ਹੋਣਾ ਚਾਹੀਦਾ ਹੈ। (4) ਸੁਧਾਰ ਦਾ ਮਕਸੱਦ ਬਹਿਸ ਵਿਚ ਜਿੱਤਣਾ, ਕਿਸੇ ਨੂੰ ਨੀਵਾਂ ਵਿਖਾਉਣਾ ਜਾਂ ਆਪਣੀ ਸ਼ਾਨ ਵਧਾਉਣਾ ਨਹੀਂ ਬਲਕਿ ਰੂਹਾਂ ਨੂੰ ਬਚਾਉਣਾ ਹੈ।

ਦੂਜੀ ਗੱਲ ਜਿੱਥੋਂ ਤਕ ਹੋਵੇ ਉਨ੍ਹਾਂ ਨੂੰ ਚਾਹੀਦਾ ਹੈ ਝੂਠੇ ਗੁਰੂਆਂ ਨੂੰ ਗਲਤ ਸਿੱਖਿਆ ਦੇਣ ਤੋਂ ਮਨ੍ਹਾ ਕਰਨ।

ਤੀਜਾ, ਉਨ੍ਹਾਂ ਦੀ ਜ਼ਿੰਮੇਦਾਰੀ ਅਜਿਹੀ ਸਿੱਖਿਆ ਦਾ ਵਿਰੋਧ ਕਰਕੇ ਗਲਤ ਵਿਚਾਰ ਨੂੰ ਸੁਧਾਰਣਾ ਹੈ।

ਚੌਥਾ, ਜੇ ਉਹ ਵੇਖਦੇ ਹਨ ਕਿ ਝੂਠੇ ਗੁਰੂ ਨੇ ਖੁੱਲ੍ਹੇਆਮ ਪਾਪ ਕੀਤਾ ਹੈ ਅਤੇ ਜੇ ਉਹ ਤੌਬਾ ਕਰਨ ਤੋਂ ਨਾਂਹ ਕਰਦਾ ਹੈ ਪਰ ਮੰਡਲੀ ਦਾ ਭਾਗ ਬਣਿਆ ਰਹਿੰਦਾ ਹੈ ਤਾਂ ਉਹ ਅਨੁਸ਼ਾਸਨ ਲਈ ਕਾਰਵਾਈ ਕਰਨ ਲਈ ਅਜ਼ਾਦ ਹਨ। ਜੇ ਉਹ ਤੌਬਾ ਨਹੀਂ ਕਰਦਾ, ਤਾਂ ਇਹ ਅਨੁਸ਼ਾਸਨ ਅਖੀਰ ਵਿਚ ਉਸ ਨੂੰ ਸੰਗਤੀ ਤੋੜਨ ਤਕ ਹੋ ਸਕਦਾ ਹੈ। ਪਰ ਇਹ ਕਦਮ ਚੁੱਕਣ ਦਾ ਫ਼ੈਸਲਾ ਲੈਣ ਲਈ ਆਗੂ ਇਹ ਧਿਆਨ ਰੱਖਣ ਕਿ ਅਨੁਸ਼ਾਸਨ ਲਈ ਕਲੀਸੀਆ ''ਦੋਸ਼ੀ ਆਦਮੀ ਨੂੰ ਕਲੀਸੀਆ ਤੋਂ ਧੱਕੇ ਮਾਰਨ'' ਵਾਲਾ ਕੰਮ ਨਾ ਕਰਨ। ਕਲੀਸੀਆ ਦਾ ਅਨੁਸ਼ਾਸਨ ਆਗੂ ਨਹੀਂ ਬਲਕਿ ਕਲੀਸੀਆ ਚਲਾਉਂਦੀ ਹੈ। ਮੰਡਲੀ ਲਈ ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਜਿਸ ਆਦਮੀ ਤੇ ਅਨੁਸ਼ਾਸਨ ਦੀ ਕਾਰਵਾਈ ਹੋਣੀ ਹੈ ਉਸ ਨੂੰ ਦੁਸ਼ਮਣ ਮੰਨ ਕੇ ਨਹੀਂ ਬਲਕਿ ਭਰਾ ਜਾਣ ਕੇ ਸਮਝਾਇਆ ਜਾਵੇ (2 ਤਿਮੋਥਿਉਸ 3:15)। ਕਲੀਸੀਆ ਕਿਸੇ ਨੂੰ ਇਸ ਲਈ ਅਨੁਸ਼ਾਸਨ ਵਿਚ ਨਹੀਂ ਕਰਦੀ ਕਿ ਉਹ ਐਲਡਰ ਨਾਲ ਜਾਂ ਪ੍ਰਚਾਰਕ ਨਾਲ ਅਸਹਿਮਤ ਹੈ। ਸਵਾਲ ਇਹ ਨਹੀਂ ਹੈ ਕਿ ਉਹ ਸਥਾਨਕ ਆਗੂ ਨਾਲ ਸਹਿਮਤ ਹੈ ਜਾਂ ਅਸਹਿਮਤ ਹੈ ਬਲਕਿ ਇਹ ਕਿ ਬਾਈਬਲ ਨਾਲ ਉਸ ਦੀ ਸਿੱਖਿਆ ਮੇਲ ਖਾਂਦੀ ਹੈ ਜਾਂ ਨਹੀਂ। ਆਗੂਆਂ ਨੂੰ ਇਹ ਪੱਕਾ ਕਰ ਲੈਣਾ ਜ਼ਰੂਰੀ ਹੈ ਕਿ ਅਨੁਸ਼ਾਸਨ ਦੀ ਅਜਿਹੀ ਕਰਵਾਈ ਬਾਈਬਲ ਦੇ ਅਨੁਸਾਰ ਅਤੇ ਪਿਆਰ ਨਾਲ ਹੋਵੇ।

ਪਰ ਸਭ ਤੋਂ ਵੱਡੀ ਜ਼ਰੂਰਤ ਇਹ ਹੈ ਕਿ ਜੇ ਕੋਈ ਮੁਸ਼ਕਿਲ ਅਹਿਮ ਮਸਲਿਆਂ ਨਾਲ ਜੁੜੀ ਹੈ, ਤਾਂ ਕਲੀਸੀਆ ਦੇ ਆਗੂਆਂ ਨੂੰ ਸੱਚਾਈ ਤੇ ਬਣੇ ਰਹਿਣਾ ਚਾਹੀਦਾ ਹੈ, ਇਹਦੇ ਲਈ ਭਾਵੇਂ ਕੁਝ ਵੀ ਕਿਉਂ ਨਾ ਹੋ ਜਾਵੇ।

## ਸਾਰ

ਆਗੂਆਂ ਦੀਆਂ ਸਭ ਕੋਸ਼ਿਸਾਂ ਦੇ ਬਾਵਜੂਦ, ਮੰਡਲੀ ''ਉਸ ਨਿਹਚਾ'' ਤੋਂ ''ਜਿਹੜੀ ਇੱਕੋ ਹੀ ਵਾਰ ਸੰਤਾਂ ਨੂੰ ਸੌਂਪੀ ਗਈ ਸੀ'' (ਯਹੂਦਾਹ 3) ਫਿਰ ਸਕਦੀ ਹੈ। ਇਸ ਹਾਲਤ ਵਿਚ ਐਲਡਰਾਂ ਨੂੰ ਕੀ ਕਰਨਾ ਚਾਹੀਦਾ ਹੈ? ਇਸ ਹਲਾਤ ਵਿਚ ਇੱਕੋ ਫਾਰਮੂਲਾ ਕੰਮ ਨਹੀਂ ਕਰਦਾ। ਉਹ ਜੋ ਕੁਝ ਵੀ ਕਰਦਾ ਹੈ ਉਹ ਸਿਆਣਪ ਨਾਲ ਕਰਨਾ ਚਾਹੀਦਾ ਹੈ। ਪਰ ਨਾਲ ਹੀ ਇਹ ਧਿਆਨ ਰੱਖਿਆ ਜਾਵੇ ਕਿ ਉਹ ਵਚਨ ਦੇ ਉਲਟ, ਗੈਰ ਕਾਨੂੰਨੀ, ਅਤੇ ਅਨੈਤਿਕ ਨਾ ਹੋਵੇ। ਸਭ ਤੋਂ ਵਧਕੇ ਉਹ ਝੂਠੇ ਗੁਰੂਆਂ ਅੱਗੇ ਹਥਿਆਰ ਨਹੀਂ ਸੁੱਟ ਸਕਦੇ ਅਤੇ ਨਾ ਹੀ ਸੁੱਟਣੇ ਚਾਹੀਦੇ ਹਨ।

ਮੈਂ ਡਾਨ ਮੌਰਿਸ ਬਾਰੇ ਇਹ ਕਹਾਣੀ ਸੁਣੀ ਸੀ ਜੋ ਲਗਭਗ ਵੀਹ ਸਾਲ ਪਹਿਲਾਂ ਅਬਿਲੇਨ ਕ੍ਰਿਸਚਿਅਨ ਯੂਨੀਵਰਸਿਟੀ ਦੇ ਪ੍ਰਧਾਨ ਸਨ। ਮੈਨੂੰ ਦੱਸਿਆ ਗਿਆ ਸੀ ਕਿ ਇਹ ਕਹਾਣੀ ਸੱਚੀ ਸੀ। ਯੂਨੀਵਰਸਟੀ ਦੇ ਕੈਂਪਸ ਵਿਚ ਕੋਈ ਬਹਿਸ ਹੋ ਗਈ। ਮੈਨੂੰ ਨਹੀਂ ਪਤਾ ਸੀ ਕਿ ਉਹ ਬਹਿਸ ਕੀ ਸੀ। ਪਰ ਸਿਰਫ਼ ਮੈਂ ਐਨਾ ਹੀ ਜਾਣਦਾ ਹਾਂ ਕਿ ਕਹਾਣੀ ਦੇ ਅਨੁਸਾਰ ਇਹ ਡਾਨ ਮੌਰਿਸ ਲਈ ਸੱਚਾਈ ਦੇ ਪ੍ਰਤੀ ਸ਼ੁੱਧ ਅਤੇ ਸਕੰਲਪ ਕੀਤੀ ਹੋਈ ਗੱਲ ਸੀ। ਕਹਾਣੀ ਇਵੇਂ ਹੈ ਕਿ ਇਕ ਦਿਨ ਚੈਪਲ ਵਿਚ ਖੜੇ ਹੋ ਕੇ ਡਾਨ ਮੌਰਿਸ ਨੇ ਆਖਿਆ, ''ਜਦ ਤਕ ਇਸ ਕਾਲਜ ਦਾ ਬੋਰਡ ਅਤੇ ਪ੍ਰਬੰਧ ਕਰਨ ਵਾਲਾ ਇਕੱਠ ਅਤੇ ਸਟਾਫ਼ ਅਤੇ ਵਿਦਿਆਰਥੀ ਸੱਚਾਈ ਲਈ ਖੜੇ ਹਨ ਮੈਂ ਉਨ੍ਹਾਂ ਦੇ ਨਾਲ ਹਾਂ। ਪਰ ਜੇ ਵਿਦਿਆਰਥੀ ਗੱਲ ਨੂੰ ਮੰਨਣ ਤੋਂ ਇਨਕਾਰ ਕਰਦੇ ਹਨ, ਜਦ ਤਕ ਬੋਰਡ, ਪ੍ਰਬੰਧ ਕਰਨ ਵਾਲਾ ਇਕੱਠ ਅਤੇ ਛੇ ਸੱਚਾਈਆਂ ਲਈ ਖੜੇ ਹਨ, ਮੈਂ ਉਨ੍ਹਾਂ ਦਾ ਸਾਥ ਦਿਆਂਗਾ। ਪਰ ਜੇ ਸਟਾਫ਼ ਮੁੱਕਰ ਜਾਂਦਾ ਹੈ, ਅਤੇ ਬੋਰਡ ਅਤੇ ਪ੍ਰਬੰਧ ਕਰਨ ਵਾਲਾ ਸਮੂਹ ਸੱਚ ਲਈ ਖੜੇ ਰਹਿੰਦੇ ਹਨ, ਤਾਂ ਮੈਂ ਉਨ੍ਹਾਂ ਦਾ ਸਾਥ ਦਿਆਂਗਾ। ਪਰ ਜੇ ਪ੍ਰਬੰਧ ਕਰਨ ਵਾਲਾ ਇਕੱਠ ਸੱਚ ਨੂੰ ਤਿਆਗ ਦਿੰਦਾ ਹੈ ਤਾਂ ਜਦ ਤਕ ਕਾਲਜ ਬੋਰਡ ਸੱਚਾਈ ਦਾ ਸਾਥ ਦੇਵੇਗਾ ਮੈਂ ਉਨ੍ਹਾਂ ਦੇ ਨਾਲ ਹਾਂ। ਪਰ ਜੇ ਬੋਰਡ ਅਤੇ ਬਾਕੀ ਸਾਰੇ ਲੋਕ ਸੱਚਾਈ ਨੂੰ ਤਿਆਗ ਦਿੰਦੇ ਹਨ, ਤਾਂ ਮੈਂ ਇਕੱਲਾ ਹੀ ਖਲੋਵਾਂਗਾ!''

ਇਸ ਤਰ੍ਹਾਂ ਮੰਡਲੀ ਦੇ ਆਗੂਆਂ ਨੂੰ ਵੀ ਚਾਹੀਦਾ ਹੈ ਕਿ ਲੋੜ ਪੈਣ ਤੇ ਉਹ ਸੱਚਾਈ ਲਈ ਇਕੱਲੇ ਖੜੇ ਹੋ ਸਕਦੇ ਹਨ!

---

ਟਿੱਪਣੀਆਂ

[1]ਕੌਏ ਰੋਪਰ, ''ਹਾਓ ਕ੍ਰਿਸਚਿਅਨ ਕੈਨ ਡਿਸਐਗਰੀ ਵਿਧਾਊਟ ਦ ਚਰਚ ਡਿਸਇੰਟੇਗ੍ਰੇਟਿੰਗ,'' *ਟਰੁੱਥ ਫ਼ਾਰ ਟੁਡੇ* 10 (ਜੂਨ 1989): 35-39.